**THE PUNJAB STATE BOARD OF TECHNICAL EDUCATION AND INDUSTRIAL TRAINING**
PLOT NO. 1-A, SEC. 36-A, CHANDIGARH PH. : 615385, 622584-85 FAX : 660734

ਨੰ: ਪੀਐਸਬੀਟੀਆਈਟੀ/2018/ 1104 ਮਿਤੀ: 2.5.18

ਵੱਲ,

ਪ੍ਰਿੰਸੀਪਲ,
ਸਮੂਹ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾਂ (ਅਪ੍ਰੈਂਟਿਸਸ਼ਿਪ ਸਕੀਮ ਅਧੀਨ),
ਪੰਜਾਬ ਰਾਜ ਅਧੀਨ।

ਵਿਸ਼ਾ: 107 ਵੀਂ ਅਪ੍ਰੈਂਟਿਸਸ਼ਿਪ ਪ੍ਰੀਖਿਆ ਲਈ ਪ੍ਰੀਖਿਆ ਕੇਂਦਰਾਂ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ 107ਵੀਂ ਅਪ੍ਰੈਂਟਿਸਸ਼ਿਪ ਪ੍ਰੀਖਿਆ ਮਿਤੀ 09-05-2018 ਤੋਂ ਮਿਤੀ 18-05-2018 ਤੱਕ ਹੋਣ ਜਾ ਰਹੀ ਹੈ। ਪ੍ਰੀਖਿਆ ਦੌਰਾਨ ਆਨਲਾਈਨ ਪ੍ਰੀਖਿਆ (ਥਿਊਰੀ, ਵਰਕਸ਼ਾਪ ਅਤੇ ਇੰਪਲਾਈਬਿਲਟੀ ਸਕਿੱਲ) ਮਿਤੀ 09-05-2018 ਤੋਂ 11-05-2018 ਤੱਕ ਅਤੇ ਪ੍ਰੈਕਟੀਕਲ ਅਤੇ ਇੰਜ: ਡਰਾਇੰਗ ਦੀ ਆਫਲਾਈਨ ਪ੍ਰੀਖਿਆ ਮਿਤੀ 16-05-2018 ਤੋਂ 18-05-2018 ਤੱਕ ਕਰਵਾਈ ਜਾਣੀ ਹੈ। ਡੀ.ਜੀ.ਟੀ ਦੇ ਪੱਤਰ ਨੰ: MSDE-18013/03/ATS/Apr./2017-(TTC) ਮਿਤੀ 27-03-2018 ਰਾਹੀਂ 107ਵੀਂ ਅਪ੍ਰੈਂਟਿਸਸ਼ਿਪ ਪ੍ਰੀਖਿਆ ਲਈ ਜਾਰੀ ਜ਼ਰੂਰੀ ਹਦਾਇਤਾਂ ਸਬੰਧੀ ਜਾਣਕਾਰੀ ਆਪ ਜੀ ਨੂੰ ਬੋਰਡ ਦੀ ਵੈਬਸਾਈਟ ਤੇ ਅਪਲੋਡ ਕਰਵਾ ਕੇ ਪਹਿਲਾਂ ਹੀ ਦਿੱਤੀ ਜਾ ਚੁੱਕੀ ਹੈ। ਉਪਰੋਕਤ ਪ੍ਰੀਖਿਆ ਲਈ ਹੇਠ ਦਰਸਾਏ ਅਨੁਸਾਰ ਪ੍ਰੀਖਿਆ ਕੇਂਦਰ ਬਣਾਏ ਗਏ ਹਨ:

1. ਮਿਤੀ 15-05-2018 ਨੂੰ ਹੋਣ ਵਾਲੀ ਇੰਜ: ਡਰਾਇੰਗ ਵਿਸ਼ੇ ਦੀ ਪ੍ਰੀਖਿਆ ਲਈ ਹੇਠ ਦਰਸਾਏ ਅਨੁਸਾਰ ਪ੍ਰੀਖਿਆ ਕੇਂਦਰ ਬਣਾਇਆ ਗਿਆ ਹੈ।

| Sr. No. | Name of Examination Centre | ITI's Falling under Centre |
|---|---|---|
| 1 | ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ, ਲੁਧਿਆਣਾ | ਆਈ.ਟੀ.ਆਈ, ਪਟਿਆਲਾ, ਆਈ.ਟੀ.ਆਈ ਰਾਜਪੁਰਾ<br>ਆਈ.ਟੀ.ਆਈ ਸੁਨਾਮ , ਆਈ.ਟੀ.ਆਈ, ਰੋਪੜ<br>ਆਈ.ਟੀ.ਆਈ ਨਵਾਂ ਸ਼ਹਿਰ , ਆਈ.ਟੀ.ਆਈ, ਲੁਧਿਆਣਾ,<br>ਆਈ.ਟੀ.ਆਈ ਸਮਰਾਲਾ, ਆਈ.ਟੀ.ਆਈ ਮਲੇਰਕੋਟਲਾ,<br>ਆਈ.ਟੀ.ਆਈ, ਹੁਸ਼ਿਆਰਪੁਰ, ਆਈ.ਟੀ.ਆਈ (ਇ:) ਜਲੰਧਰ<br>ਆਈ.ਟੀ.ਆਈ (ਇ:) ਫਗਵਾੜਾ, ਆਈ.ਟੀ.ਆਈ, ਮੋਗਾ<br>ਆਈ.ਟੀ.ਆਈ ਫਿਰੋਜ਼ਪੁਰ, ਆਈ.ਟੀ.ਆਈ ਫਰੀਦਕੋਟ<br>ਆਈ.ਟੀ.ਆਈ ਬਠਿੰਡਾ, ਆਈ.ਟੀ.ਆਈ, ਗੁਰਦਾਸਪੁਰ<br>ਆਈ.ਟੀ.ਆਈ (ਇ:) ਅੰਮ੍ਰਿਤਸਰ, ਆਈ.ਟੀ.ਆਈ ਪੱਟੀ<br>ਆਈ.ਟੀ.ਆਈ ਬਟਾਲਾ |

2. ਮਿਤੀ 16-05-2018 ਤੋਂ 18-05-2018 ਤੱਕ ਹੋਣ ਵਾਲੀ ਪ੍ਰੈਕਟੀਕਲ ਵਿਸ਼ੇ ਦੀ ਪ੍ਰੀਖਿਆ ਲਈ ਹੇਠ ਅਨੁਸਾਰ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾਂ ਵਿਖੇ ਪ੍ਰੀਖਿਆ ਕੇਂਦਰ ਬਣਾਏ ਗਏ ਹਨ:

| Sr. No. | Name of Examination Centre | ITI's Falling under Centre |
|---|---|---|
| 1 | ਆਈ.ਟੀ.ਆਈ, ਪਟਿਆਲਾ | ਆਈ.ਟੀ.ਆਈ, ਪਟਿਆਲਾ<br>ਆਈ.ਟੀ.ਆਈ ਰਾਜਪੁਰਾ<br>ਆਈ.ਟੀ.ਆਈ ਸੁਨਾਮ |
| 2 | ਆਈ.ਟੀ.ਆਈ ਰੋਪੜ | ਆਈ.ਟੀ.ਆਈ, ਰੋਪੜ<br>ਆਈ.ਟੀ.ਆਈ ਨਵਾਂ ਸ਼ਹਿਰ |
| 3 | ਆਈ.ਟੀ.ਆਈ ਲੁਧਿਆਣਾ | ਆਈ.ਟੀ.ਆਈ, ਲੁਧਿਆਣਾ<br>ਆਈ.ਟੀ.ਆਈ ਸਮਰਾਲਾ<br>ਆਈ.ਟੀ.ਆਈ ਮਲੇਰਕੋਟਲਾ |
| 4 | ਆਈ.ਟੀ.ਆਈ ਹੁਸ਼ਿਆਰਪੁਰ | ਆਈ.ਟੀ.ਆਈ, ਹੁਸ਼ਿਆਰਪੁਰ<br>ਆਈ.ਟੀ.ਆਈ (ਇ:) ਜਲੰਧਰ<br>ਆਈ.ਟੀ.ਆਈ (ਇ:) ਫਗਵਾੜਾ |
| 5 | ਆਈ.ਟੀ.ਆਈ ਮੋਗਾ | ਆਈ.ਟੀ.ਆਈ, ਮੋਗਾ<br>ਆਈ.ਟੀ.ਆਈ ਫਿਰੋਜ਼ਪੁਰ<br>ਆਈ.ਟੀ.ਆਈ ਫਰੀਦਕੋਟ |
| 6 | ਆਈ.ਟੀ.ਆਈ ਬਠਿੰਡਾ | ਆਈ.ਟੀ.ਆਈ ਬਠਿੰਡਾ |
| 7 | ਆਈ.ਟੀ.ਆਈ ਗੁਰਦਾਸਪੁਰ | ਆਈ.ਟੀ.ਆਈ, ਗੁਰਦਾਸਪੁਰ<br>ਆਈ.ਟੀ.ਆਈ (ਇ:) ਅੰਮ੍ਰਿਤਸਰ<br>ਆਈ.ਟੀ.ਆਈ ਪੱਟੀ<br>ਆਈ.ਟੀ.ਆਈ ਬਟਾਲਾ |

ਉਪਰੋਕਤ ਅਨੁਸਾਰ ਬਣਾਏ ਗਏ ਪ੍ਰੀਖਿਆ ਕੇਂਦਰਾਂ ਨੂੰ ਹੇਠ ਦਰਸਾਏ ਅਨੁਸਾਰ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਹਨ:

1. ਸਮੂਹ ਪ੍ਰੀਖਿਆ ਕੇਂਦਰਾਂ ਦੁਆਰਾ ਪ੍ਰੈਕਟੀਕਲ ਅਤੇ ਇੰਜ: ਡਰਾਇੰਗ ਦੀ ਪ੍ਰੀਖਿਆ ਸੀ.ਸੀ.ਟੀ.ਵੀ ਕੈਮਰਿਆਂ ਦੀ ਨਿਗਰਾਨੀ ਹੇਠ ਕਰਵਾਉਣੀ ਯਕੀਨੀ ਬਣਾਈ ਜਾਵੇ ਅਤੇ ਰਿਕਾਰਡਿੰਗ ਸੇਫ ਰੱਖੀ ਜਾਵੇ ਤਾਂ ਜੋ ਬੋਰਡ ਦਫਤਰ ਦੀ ਮੰਗ ਅਨੁਸਾਰ ਮੁਹੱਈਆ ਕਰਵਾਈ ਜਾ ਸਕੇ।
2. ਪ੍ਰੀਖਿਆ ਕੇਂਦਰਾਂ ਦੁਆਰਾ ਪ੍ਰੀਖਿਆ ਦੀ ਲੋੜੀਂਦੀ ਸਟੇਸ਼ਨਰੀ ਬੋਰਡ ਦਫਤਰ ਤੋਂ ਆਪਣੇ ਪੱਧਰ ਤੇ ਪ੍ਰਾਪਤ ਕੀਤੀ ਜਾਵੇ।
3. ਪ੍ਰੀਖਿਆ ਕੇਂਦਰਾਂ ਦੁਆਰਾ ਕਿਸੇ ਵੀ ਸਿਖਿਆਰਥੀ ਨੂੰ ਬਿਨ੍ਹਾਂ ਹਾਲ ਟਿਕਟ ਤੋਂ ਪ੍ਰੀਖਿਆ ਵਿੱਚ ਨਾ ਬਿਠਾਇਆ ਜਾਵੇ। ਜੇਕਰ ਕਿਸੇ ਸੰਸਥਾ ਦੁਆਰਾ ਅਜਿਹਾ ਹੋਣਾ ਸਾਹਮਣੇ ਆਉਂਦਾ ਹੈ ਤਾਂ ਸਬੰਧਤ ਸੰਸਥਾ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ।
4. ਪ੍ਰੀਖਿਆ ਦੌਰਾਨ ਇੰਨਵੀਜੀਲੇਟਰ ਵੱਲੋਂ ਯਕੀਨੀ ਬਣਾਇਆ ਜਾਵੇ ਕਿ ਸਿਖਿਆਰਥੀ ਦੁਆਰਾ ਉੱਤਰ ਕਾਪੀ ਵਿੱਚ ਆਪਣਾ ਰੋਲ ਨੰ: ਆਦਿ ਡਿਟੇਲ ਬਿਲਕੁਲ ਸਹੀ ਭਰੀ ਜਾਵੇ।
5. ਪ੍ਰੀਖਿਆ ਕੇਂਦਰਾਂ ਦੇ ਬਾਹਰਲੇ ਗੇਟ ਤੋਂ ਲੈ ਕੇ ਕਮਰਿਆਂ ਦੇ ਅੰਦਰਲੇ ਦਰਵਾਜੇ ਵੀ ਖੁੱਲੇ ਰੱਖੇ ਜਾਣ ਤਾਂ ਜੋ ਚੈਕਿੰਗ ਸਟਾਫ ਨੂੰ ਕੋਈ ਔਖ ਨਾ ਹੋਵੇ।
6. ਪ੍ਰੀਖਿਆ ਕੇਂਦਰਾਂ ਦੁਆਰਾ ਸਿਖਿਆਰਥੀਆਂ ਦੇ ਅਟੈਂਡੈਂਸ ਕਮ ਚਲਾਨ ਫਾਰਮ ਸੰਸਥਾ ਵਾਈਜ ਅਤੇ ਟਰੇਡ ਵਾਈਜ ਬਣਾਏ ਜਾਣ ਅਤੇ ਹਾਜਰੀ ਸਬੰਧੀ ਪੂਰਾ ਰਿਕਾਰਡ ਰੱਖਿਆ ਜਾਵੇ ਤਾਂ ਜੋ ਮੰਗ ਅਨੁਸਾਰ ਸਮੇਂ ਸਿਰ ਬੋਰਡ ਦਫਤਰ ਨੂੰ ਮੁਹੱਈਆ ਕਰਵਾਇਆ ਜਾ ਸਕੇ।

7. ਪ੍ਰੀਖਿਆ ਕੇਂਦਰਾਂ ਦੁਆਰਾ ਪ੍ਰੀਖਿਆ ਦੌਰਾਨ ਸੁਰੱਖਿਆ ਦੇ ਪੁਖਤਾ ਇੰਤਜਾਮ ਕਰਨੇ ਯਕੀਨੀ ਬਣਾਏ ਜਾਣ ਤਾਂ ਜੋ ਕਿਸੇ ਵੀ ਪ੍ਰਕਾਰ ਦੀ ਅਣਸੁਖਾਵੀਂ ਘਟਨਾ ਨੂੰ ਰੋਕਿਆ ਜਾ ਸਕੇ।
8. ਪ੍ਰੀਖਿਆ ਕੇਂਦਰਾਂ ਦੁਆਰਾ ਪ੍ਰੀਖਿਆ ਖਤਮ ਹੋਣ ਉਪਰੰਤ ਡਰਾਇੰਗ ਸ਼ੀਟਾਂ ਸੰਸਥਾ ਵਾਈਜ ਅਤੇ ਟਰੇਡ ਵਾਈਜ ਕਰਕੇ ਹਾਜਰੀ ਰਿਕਾਰਡ ਸਮੇਤ ਪੈਕਟ ਵਿੱਚ ਸੀਲ ਕਰ ਦਿੱਤੀਆਂ ਜਾਣ ਅਤੇ ਪੈਕਟ ਉੱਪਰ ਸੰਸਥਾ ਦਾ ਨਾਮ, ਸੰਸਥਾ ਦਾ ਕੋਡ, ਟਰੇਡ ਦਾ ਨਾਮ ਅਤੇ ਕੋਡ, ਪ੍ਰੀਖਿਆ ਦੀ ਮਿਤੀ ਅਤੇ ਡਰਾਇੰਗ ਸ਼ੀਟਾਂ ਦੀ ਗਿਣਤੀ ਆਦਿ ਦਰਸਾਈ ਜਾਵੇ। ਸੰਸਥਾ ਦੁਆਰਾ ਡਰਾਇੰਗ ਸ਼ੀਟਾਂ ਦੇ ਪੈਕਟ ਮਿਤੀ 16-05-2018 ਨੂੰ ਬੋਰਡ ਦਫਤਰ ਵਿਖੇ ਪਹੁੰਚਾਉਣੇ ਯਕੀਨੀ ਬਣਾਏ ਜਾਣ।
9. ਪ੍ਰੀਖਿਆ ਕੇਂਦਰਾਂ ਦੁਆਰਾ ਪ੍ਰੈਕਟੀਕਲ ਪ੍ਰੀਖਿਆ ਕਰਵਾਉਣ ਲਈ ਪੁਖਤਾ ਇੰਤਜਾਮ ਕੀਤੇ ਜਾਣ ਅਤੇ ਪ੍ਰੈਕਟੀਕਲ ਪ੍ਰੀਖਿਆ ਦੀਆਂ ਅਵਾਰਡ ਲਿਸਟਾਂ ਸੰਸਥਾ ਵਾਈਜ ਅਤੇ ਟਰੇਡ ਵਾਈਜ ਤਿਆਰ ਕਰਵਾਈਆਂ ਜਾਣ। ਸਬੰਧਤ ਅਵਾਰਡ ਲਿਸਟਾਂ ਨੂੰ ਲਿਫਾਫੇ ਵਿੱਚ ਸੀਲ ਕਰਨ ਉਪਰੰਤ ਲਿਫਾਫੇ ਉੱਪਰ ਪ੍ਰੀਖਿਆ ਕੇਂਦਰ ਦੀ ਡਿਟੇਲ ਦਰਸਾਈ ਜਾਵੇ ਅਤੇ ਇਹ ਲਿਫਾਫੇ ਮਿਤੀ 18-05-2018 ਤੱਕ ਦਸਤੀ ਤੌਰ ਤੇ ਬੋਰਡ ਦਫਤਰ ਵਿਖੇ ਪਹੁੰਚਾਉਣੇ ਯਕੀਨੀ ਬਣਾਏ ਜਾਣ।
10. ਜੇਕਰ ਕਿਸੇ ਸੰਸਥਾ ਵੱਲੋਂ ਘੱਟ ਫੀਸ/ਬਿਨ੍ਹਾਂ ਫੀਸ ਤੋਂ ਸਿਖਿਆਰਥੀਆਂ ਨੂੰ ਪ੍ਰੀਖਿਆ ਵਿੱਚ ਅਪੀਅਰ ਕਰਵਾਇਆ ਜਾਂਦਾ ਹੈ ਤਾਂ ਬੋਰਡ ਉਸ ਸੰਸਥਾ ਦਾ ਰਿਜਲਟ ਕੈਂਸਲ ਕਰ ਸਕਦਾ ਹੈ ਅਤੇ ਇਸ ਸਬੰਧੀ ਸਾਰੀ ਜਿੰਮੇਵਾਰੀ ਸਬੰਧਤ ਸੰਸਥਾ ਦੀ ਹੀ ਹੋਵੇਗੀ।

ਸਮੂਹ ਪ੍ਰੀਖਿਆ ਕੇਂਦਰਾਂ ਦੁਆਰਾ ਉਪਰੋਕਤ ਅਨੁਸਾਰ ਜਾਰੀ ਹਦਾਇਤਾਂ ਦੀ ਇਨ ਬਿਨ ਪਾਲਣਾ ਯਕੀਨੀ ਬਣਾਈ ਜਾਵੇ।

02.5.18

ਕੰਟਰੋਲਰ ਪ੍ਰੀਖਿਆਵਾਂ (ਆਈ.ਟੀ.ਆਈ)
ਵਾਸਤੇ ਸਕੱਤਰ

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ/ਰਿਕਾਰਡ ਹਿਤ ਭੇਜਿਆ ਜਾਂਦਾ ਹੈ ਜੀ:

1. ਪੀ.ਏ/ਸਕੱਤਰ ਸਾਹਿਬ
2. ਐਡਮਿਨ ਅਫਸਰ
3. ਸਿਸਟਮ ਐਡਮਿਨਸਟਰੇਟਰ

ਕੰਟਰੋਲਰ ਪ੍ਰੀਖਿਆਵਾਂ (ਆਈ.ਟੀ.ਆਈ)
ਵਾਸਤੇ ਸਕੱਤਰ